# ਅਲਬਰਟਾ ਐਜੁਕੇਸ਼ਨ ਵੱਲੋਂ ਘਰ ਵਿੱਚ ਰੈਪਿਡ ਟੈਸਟਿੰਗ ਪ੍ਰੋਗਰਾਮ

## ਮਾਪੇ, ਵਿਦਿਆਰਥੀ ਅਤੇ ਸਕੂਲ ਸਟਾਫ ਲਈ ਜਾਣਕਾਰੀ

---

## ਇਹ ਪ੍ਰੋਗਰਾਮ ਕੀ ਹੈ

ਐਜੁਕੇਸ਼ਨ ਐਟ-ਹੋਮ (ਘਰ ਵਿੱਚ) ਰੈਪਿਡ ਟੈਸਟਿੰਗ ਪ੍ਰੋਗਰਾਮ ਨਾਲ ਮਾਪੇ ਆਪਣੇ ਬੱਚਿਆਂ ਦਾ ਘਰ ਵਿੱਚ ਟੈਸਟ ਕਰਨ ਦੀ ਚੋਣ ਕਰ ਸਕਦੇ ਹਨ। ਸਟਾਫ਼ ਘਰ ਬੈਠੇ ਵੀ ਆਪਣੀ ਜਾਂਚ ਕਰ ਸਕਦਾ ਹੈ। ਸਾਰੇ ਸਕੂਲ ਟੈਸਟ ਕਿੱਟਾਂ ਪ੍ਰਾਪਤ ਕਰਨ ਦੇ ਯੋਗ ਹੋਣਗੇ।

ਵਿਦਿਆਰਥੀਆਂ ਅਤੇ ਸਟਾਫ਼ ਨੂੰ ਸੁਰੱਖਿਅਤ ਰੱਖਣ ਲਈ ਸਕੂਲਾਂ ਵਿੱਚ ਪਹਿਲਾਂ ਤੋਂ ਮੌਜੂਦ ਸਿਹਤ ਉਪਾਵਾਂ ਨਾਲ, ਰੈਪਿਡ ਸਕ੍ਰੀਨਿੰਗ ਟੈਸਟ ਇੱਕ ਹੋਰ ਸਾਧਨ ਹਨ।

## ਸ਼ਮੂਲੀਅਤ ਵਲੰਟਰੀ ਹੈ

ਐਜੁਕੇਸ਼ਨ ਐਟ-ਹੋਮ ਰੈਪਿਡ ਟੈਸਟਿੰਗ ਪ੍ਰੋਗਰਾਮ ਵਿੱਚ ਭਾਗੀਦਾਰੀ ਵਿਕਲਪਿਕ ਹੈ।

ਭਾਗ ਲੈਣ ਦੀ ਚੋਣ ਕਰਨ ਵਾਲੇ ਵਿਦਿਆਰਥੀ ਅਤੇ ਸਟਾਫ BTNX ਨਾਂ ਦੀ ਕੰਪਨੀ ਦੁਆਰਾ ਤਿਆਰ ਕੀਤੇ ਰੈਪਿਡ ਟੈਸਟ ਪ੍ਰਾਪਤ ਕਰਨਗੇ। ਰੈਪਿਡ ਟੈਸਟ ਹਫ਼ਤੇ ਵਿੱਚ ਦੋ ਵਾਰ ਕੀਤੇ ਜਾਣੇ ਹਨ। ਟੈਸਟਿੰਗ ਤਿੰਨ ਤੋਂ ਚਾਰ ਦਿਨਾਂ ਦੇ ਅੰਤਰਾਲ ਤੇ ਕੀਤੇ ਜਾਣ ਦੀ ਸਿਫਾਰਸ਼ ਕੀਤੀ ਜਾਂਦੀ ਹੈ; ਉਦਾਹਰਨ ਲਈ, ਸੋਮਵਾਰ ਅਤੇ ਵੀਰਵਾਰ ਜਾਂ ਮੰਗਲਵਾਰ ਅਤੇ ਸ਼ੁੱਕਰਵਾਰ ਨੂੰ। ਵਿਦਿਆਰਥੀਆਂ ਜਾਂ ਸਟਾਫ਼ ਲਈ ਆਪਣੇ ਰੈਪਿਡ ਟੈਸਟ ਨਤੀਜਿਆਂ ਦੀ ਰਿਪੋਰਟ ਕਰਨ ਦੀ ਕੋਈ ਲੋੜ ਨਹੀਂ ਹੈ।

ਇਸ ਪ੍ਰੋਗਰਾਮ ਦੇ ਹਿੱਸੇ ਵਜੋਂ ਅਲਬਰਟਾ ਹੈਲਥ ਦੁਆਰਾ ਪ੍ਰਦਾਨ ਕੀਤੇ ਗਏ ਰੈਪਿਡ ਟੈਸਟ ਦੀ ਵਰਤੋਂ ਸਕੂਲ ਸਟਾਫ ਦੁਆਰਾ ਪਾਬੰਦੀਆਂ ਤੋਂ ਛੋਟ ਪ੍ਰੋਗਰਾਮ ਨੂੰ ਸਮਰਥਨ ਕਰਨ ਲਈ ਨਹੀਂ ਕੀਤੀ ਜਾ ਸਕਦੀ।

ਅਨਵੈਕਸੀਨੇਟਿਡ(ਬਿਨਾਂ ਟੀਕੇ ਤੋਂ) ਸਟਾਫ਼ ਮੈਂਬਰ ਅਤੇ 12 ਅਤੇ ਇਸਤੋਂ ਵੱਧ ਉਮਰ ਦੇ ਵਿਦਿਆਰਥੀ ਜੋ ਕਿਸੇ ਪਾਬੰਦੀ ਤੋਂ ਛੋਟ ਪ੍ਰੋਗਰਾਮ ਵਿੱਚ ਭਾਗ ਲੈਣ ਵਾਲੀ ਕਿਸੇ ਸੰਸਥਾ ਵਿੱਚ ਦਾਖਲ ਹੋਣਾ ਚਾਹੁੰਦੇ ਹਨ ਤਾਂ ਉਨਾਂ ਨੂੰ ਪ੍ਰਾਈਵੇਟ ਲੈਬ ਦੁਆਰਾ ਨੈਗੇਟਿਵ ਕੋਵਿਡ-19 ਟੈਸਟ ਨਤੀਜਾ ਦਿਖਾਉਣਾ ਪਵੇਗਾ।

## ਕੌਣ ਹਿੱਸਾ ਲੈ ਸਕਦਾ ਹੈ

ਵਿਦਿਆਰਥੀ ਅਤੇ ਸਕੂਲ ਦਾ ਸਾਰਾ ਸਟਾਫ ਟੈਸਟ ਕਿੱਟਾਂ ਪ੍ਰਾਪਤ ਕਰਨ ਦੇ ਯੋਗ ਹਨ। ਯੋਗ ਵਿਦਿਆਰਥੀਆਂ ਦੇ ਭੈਣ-ਭਰਾ ਅਤੇ ਪਰਿਵਾਰਕ ਮੈਂਬਰ ਯੋਗ ਨਹੀਂ ਹਨ। ਸਕੂਲ ਇਹ ਨਿਰਧਾਰਤ ਕਰਨਗੇ ਕਿ ਟੈਸਟਾਂ ਨੂੰ ਘਰ ਕਿਵੇਂ ਭੇਜਣਾ ਹੈ। ਬੱਚਿਆਂ ਲਈ ਉਹਨਾਂ ਨੂੰ ਆਪਣੇ ਬੈਕਪੈਕ ਵਿੱਚ ਰੱਖਣਾ ਸੁਰੱਖਿਅਤ ਹੈ।

ਵੈਕਸੀਨ ਰੈਪਿਡ ਟੈਸਟ ਦੇ ਨਤੀਜਿਆਂ ਨੂੰ ਪ੍ਰਭਾਵਿਤ ਨਹੀਂ ਕਰਦੇ । ਤਾਜੇ ਵੈਕਸੀਨੇਟਿਡ ਵਿਦਿਆਰਥੀ ਅਤੇ ਸਟਾਫ਼ ਹਾਲੇ ਵੀ ਕੋਵਿਡ-19 ਦੀ ਜਾਂਚ ਲਈ ਰੈਪਿਡ ਟੈਸਟ ਦੀ ਵਰਤੋਂ ਕਰ ਸਕਦੇ ਹਨ।

## ਟੈਸਟ ਕਿੱਟ ਕਿਵੇਂ ਵਰਤਣੀ ਹੈ

ਮਾਪਿਆਂ ਅਤੇ ਸਟਾਫ ਲਈ ਟੈਸਟ ਪ੍ਰਕਿਰਿਆ ਨਾਲ ਸਬੰਧਿਤ ਵੀਡੀਓ alberta.ca/return to school. ਤੇ ਮੌਜੂਦ ਹੈ ਅਤੇ ਕੰਪਨੀ, BTNX ਤੇ ਵੀ how-to video ਵੇਖ ਸਕਦੇ ਹੋ।

ਰੈਪਿਡ ਸਕ੍ਰੀਨਿੰਗ ਟੈਸਟ ਨੱਕ ਦੇ ਫੰਬੇ ਨੂੰ ਸਿਰਫ਼ 1.5 ਤੋਂ 2.0 ਸੈਂਟੀਮੀਟਰ ਤੱਕ ਨੱਕ ਦੇ ਅੰਦਰ ਪਾਇਆ ਜਾਂਦਾ ਹੈ ਅਤੇ ਆਮ ਤੌਰ ਤੇ ਅਲਬਰਟਾ ਹੈਲਥ ਸਰਵਿਸਿਜ਼ (ਏਐਚਐਸ) ਟੈਸਟਿੰਗ ਸੈਂਟਰ ਵਿੱਚ ਪੀਸੀਆਰ ਕੋਵਿਡ-19 ਟੈਸਟ ਲਈ ਵਰਤੇ ਜਾਣ ਵਾਲੇ ਸਵੈਬ ਨਾਲੋਂ ਵਧੇਰੇ ਆਰਾਮਦਾਇਕ, ਸੌਖਾ ਅਤੇ ਘੱਟ ਪਰੇਸ਼ਾਨੀ ਵਾਲਾ ਹੁੰਦਾ ਹੈ।

ਜੇਕਰ ਤੁਸੀਂ ਐਟ-ਹੋਮ ਰੈਪਿਡ ਟੈਸਟ ਪ੍ਰੋਗਰਾਮ ਵਿੱਚ ਹਿੱਸਾ ਲੈਣ ਦੇ ਯੋਗ ਹੋ ਤਾਂ ਤੁਹਾਨੂੰ (ਜਾਂ ਤੁਹਾਡੇ ਬੱਚੇ ਨੂੰ) ਦੋ ਟੈਸਟ ਕਿੱਟ ਪੈਕੇਜ ਪ੍ਰਾਪਤ ਹੋਣਗੇ (ਕੁੱਲ ਮਿਲਾ ਕੇ 10 ਟੈਸਟ)।

ਹਰੇਕ ਟੈਸਟ ਕਿੱਟ(5 ਟੈਸਟ ਪ੍ਰਤੀ ਪੈਕੇਜ) ਅਤੇ ਹੇਠ ਲਿਖੇ ਨਾਲ ਆਉਂਦੀ ਹੈ:

- ਇੱਕ ਸਾਫ ਫੰਬਾ(ਸਵੈਬ) ਜੋ ਕਿ ਕਿਊ-ਟਿਪ ਵਰਗਾ ਦਿਖਾਈ ਦਿੰਦਾ ਹੈ;

- ਇੱਕ ਟਿਊਬ ਅਤੇ ਇੱਕ ਸਟੈਂਡ;

- ਇੱਕ ਫਿਲਟਰ ਨਾਲ ਇੱਕ ਨੋਜ਼ਲ;

- ਇੱਕ ਪਲਾਸਟਿਕ ਦਾ ਕੰਟੇਨਰ ਜਿਸ ਵਿੱਚ ਥੋੜ੍ਹੀ ਮਾਤਰਾ ਵਿੱਚ ਤਰਲ ਹੋਵੇ।

ਇੱਕ ਟੈਸਟ ਨੂੰ ਪੂਰਾ ਹੋਣ ਵਿੱਚ ਲਗਭਗ 20 ਮਿੰਟ ਲੱਗਣਗੇ।

### ਟੈਸਟ ਕਰਨ ਵੇਲੇ ਜਰੂਰੀ ਕਦਮ

1. ਟੈਸਟ ਕਰਨ ਤੋਂ ਪਹਿਲਾਂ ਸਾਬਣ ਅਤੇ ਪਾਣੀ ਨਾਲ ਆਪਣੇ ਹੱਥ ਧੋਵੋ। ਟੈਸਟ ਕੀਤੇ ਜਾਣ ਵਾਲੇ ਵਿਅਕਤੀ ਨੂੰ ਆਪਣੇ ਨੱਕ ਨੂੰ ਟਿਸ਼ੂ ਨਾਲ ਚੰਗੀ ਤਰਾਂ ਸਾਫ ਕਰਨਾ ਚਾਹੀਦਾ ਹੈ।
2. ਕਿੱਟ ਵਿੱਚੋਂ ਸਾਰੀ ਟੈਸਟ ਸਮੱਗਰੀ ਨੂੰ ਕੱਢੋ। ਟੈਸਟਿੰਗ ਤਰਲ(ਲਿਕੁਇਡ) ਨੂੰ ਟੈਸਟ ਟਿਊਬ ਵਿੱਚ ਪਾ ਦਿਓ।
3. ਸਾਫ ਫੰਬੇ ਨੂੰ ਪੈਕੇਜ ਤੋਂ ਧਿਆਨ ਨਾਲ ਬਾਹਰ ਕੱਢੋ। ਇਹ ਕਿਸੇ ਚੀਜ਼ ਨੂੰ ਨਾਂ ਛੂਹੇ।
4. ਨੱਕ ਦੇ ਅੰਦਰ 1.5 ਤੋਂ 2.0 ਸੈਂਟੀਮੀਟਰ ਤੱਕ ਫੰਬਾ ਪਾਓ। ਘੱਟੋ-ਘੱਟ ਪੰਜ ਸਕਿੰਟਾਂ ਲਈ ਇੱਕ ਚੱਕਰ ਵਿੱਚ ਫੰਬੇ ਨੂੰ ਹਿਲਾਓ। ਫਿਰ ਨੱਕ ਨੂੰ ਫੰਬੇ ਤੇ ਦਬਾਓ ਅਤੇ ਪੰਜ ਸਕਿੰਟ ਹੋਰ ਨੋਕ ਨੂੰ ਘੁਮਾਓ।
5. ਉਸੇ ਫੰਬੇ ਦੀ ਵਰਤੋਂ ਕਰਦੇ ਹੋਏ ਦੂਜੇ ਨੱਕ ਵਿੱਚ ਵੀ ਉਸੇ ਤਰਾਂ ਕਰੋ।
6. ਅੱਗੇ ਟੈਸਟਿੰਗ ਤਰਲ ਨਾਲ ਟੈਸਟ ਟਿਊਬ ਵਿੱਚ ਸਵੈਬ ਪਾਓ। ਇਹ ਸੁਨਿਸ਼ਚਿਤ ਕਰੋ ਕਿ ਫੰਬੇ ਦੀ ਨੋਕ ਪੂਰੀ ਤਰ੍ਹਾਂ ਤਰਲ ਨਾਲ ਢੱਕੀ ਹੋਈ ਹੈ।
7. ਦੋ ਮਿੰਟਾਂ ਲਈ ਇੱਕ ਟਾਈਮਰ ਸੈੱਟ ਕਰੋ ਤਾਂ ਜੋ ਫੰਬੇ ਦੀ ਸਮੱਗਰੀ ਨੂੰ ਟੈਸਟ

Out of date



Classification: Public

ਦੇ ਤਰਲ ਨਾਲ ਮਿਲਾਇਆ ਜਾ ਸਕੇ।

8. ਜਦੋਂ ਦੋ ਮਿੰਟ ਹੋ ਜਾਣ ਤਾਂ ਟਿਊਬ ਨੂੰ ਦਬਾ ਕੇ ਫੰਬੇ ਵਿੱਚੋਂ ਜਿੰਨਾ ਸੰਭਵ ਹੋ ਸਕੇ ਤਰਲ ਨੂੰ ਨਿਚੋੜੋ।

9. ਫੰਬੇ ਨੂੰ ਕੂੜੇ ਵਿੱਚ ਸੁੱਟ ਦਿਓ।

10. ਫਿਲਟਰ ਨੋਜ਼ਲ ਨਾਲ ਟਿਊਬ ਬੰਦ ਕਰੋ।


11. ਟਿਊਬ ਨੂੰ ਮੋੜੋ ਅਤੇ ਘੋਲ ਦੀਆਂ ਤਿੰਨ ਬੂੰਦਾਂ ਨੂੰ ਟੈਸਟ ਡਿਵਾਈਸ ਤੇ 'S' ਚਿੰਨ੍ਹਿਤ ਥਾਂ ਤੇ ਨਿਚੋੜੋ।

12. 15 ਮਿੰਟ ਲਈ ਨਵਾਂ ਟਾਈਮਰ ਸੈੱਟ ਕਰੋ। 15 ਮਿੰਟ ਬਾਦ ਆਪਣੇ ਟੈਸਟ ਦੇ ਨਤੀਜਿਆਂ ਦੀ ਜਾਂਚ ਕਰੋ।

ਟੈਸਟ ਪੂਰਾ ਹੋਣ ਤੇ ਟੈਸਟ ਕਿੱਟ ਨੂੰ ਸੁੱਟ ਦਿਓ।

# ਨਤੀਜੇ

### BTNX ਰੈਪਿਡ ਟੈਸਟ ਦੀਆਂ ਉਦਾਹਰਣਾਂ




### ਕੀ ਕਰਨਾ ਹੈ

ਜੇ ਤੁਹਾਡੇ ਜਾਂ ਤੁਹਾਡੇ ਬੱਚੇ ਦਾ ਰੈਪਿਡ ਟੈਸਟ ਪੌਜ਼ਿਟਿਵ ਆਉਂਦਾ ਹੈ ਤਾਂ ਇਸ ਬਾਰੇ ਤਾਜ਼ਾ ਜਾਣਕਾਰੀ alberta.ca/rapidtesting ਤੇ ਜਾਂ 811 ਤੇ ਫ਼ੋਨ ਕਰਕੇ ਵੀ ਲੈ ਸਕਦੇ ਹੋ।
ਇਸ ਸੂਚਨਾ ਸ਼ੀਟ ਵਿੱਚ ਸਹਾਇਤਾ ਸਬੰਧੀ ਤਾਜ਼ਾ ਜਾਣਕਾਰੀ ਸ਼ਾਮਿਲ ਹੈ।

### ਜੇ ਟੈਸਟ ਵਿੱਚ ਕੋਈ ਗਲਤੀ ਹੁੰਦੀ ਹੈ

ਜੇਕਰ ਟੈਸਟ ਵਿੱਚ ਕੁਝ ਗਲਤ ਹੈ ਤਾਂ ਤੁਹਾਨੂੰ ਕੋਈ ਲਾਈਨ ਨਹੀਂ ਦਿਖਾਈ ਦੇਵੇਗੀ - ਜਾਂ ਤੁਸੀਂ 'T' ਦੇ ਅੱਗੇ ਇੱਕ ਲਾਈਨ ਦੇਖ ਸਕਦੇ ਹੋ।

ਜੇ ਅਜਿਹਾ ਹੁੰਦਾ ਹੈ ਤਾਂ ਤੁਸੀਂ ਇਸ ਟੈਸਟ ਕਿੱਟ ਨੂੰ ਸੁੱਟ ਕੇ ਅਤੇ ਦੁਬਾਰਾ ਟੈਸਟ ਸ਼ੁਰੂ ਕਰ ਸਕਦੇ ਹੋ। ਤੁਸੀਂ ਸਕੂਲ ਕੋਲ ਵਾਧੂ ਟੈਸਟ ਕਿੱਟਾਂ ਹੋਣ ਦੀ ਸਥਿਤੀ ਵਿੱਚ ਨਵੀਆਂ ਟੈਸਟ ਕਿੱਟਾਂ ਲੈ ਸਕਦੇ ਹੋ।

# ਜੇ ਪਿਛਲੇ ਕਿਸੇ ਸਮੇ ਕੋਈ ਵਿਦਿਆਰਥੀ ਅਤੇ ਸਟਾਫ ਮੈਂਬਰ ਕੋਵਿਡ ਪੌਜ਼ਿਟਿਵ ਰਹੇ ਹਨ

ਜੇਕਰ ਕੋਈ ਵਿਅਕਤੀ ਪਿਛਲੇ 90 ਦਿਨਾਂ ਵਿੱਚ ਕੋਵਿਡ-19 ਪੌਜ਼ਿਟਿਵ ਰਿਹਾ ਹੈ ਤਾਂ ਉਸਦਾ ਰੈਪਿਡ ਸਕ੍ਰੀਨਿੰਗ ਟੈਸਟ ਨਹੀਂ ਹੋਣਾ ਚਾਹੀਦਾ। ਕੁਝ ਲੋਕ ਜੋ ਕੋਵਿਡ-19 ਤੋਂ ਠੀਕ ਹੋ ਗਏ ਹਨ ਤਾਂ 90 ਦਿਨਾਂ ਤੱਕ ਉਨਾਂ ਦਾ ਰੈਪਿਡ ਸਕ੍ਰੀਨਿੰਗ ਟੈਸਟ ਪੌਜ਼ਿਟਿਵ ਆ ਸਕਦਾ ਹੈ ਭਾਵੇਂ ਉਨਾਂ ਵਿੱਚ ਹੁਣ ਵਾਇਰਸ ਨਹੀਂ ਹੈ।

# ਰੈਪਿਡ ਟੈਸਟ ਕਿੰਨੇ ਸਹੀ ਹਨ?

ਰੈਪਿਡ ਸਕ੍ਰੀਨਿੰਗ ਟੈਸਟ ਏਐਚਐਸ ਮੁਲਾਂਕਣ ਕੇਂਦਰ ਦੁਆਰਾ ਕੀਤੇ ਗਏ ਲੈਬ ਟੈਸਟਾਂ ਜਿੰਨਾ ਸਹੀ ਨਹੀਂ ਹਨ।

ਕਿਸੇ ਵੀ ਬਿਨਾਂ ਲੱਛਣਾਂ ਵਾਲੇ ਵਿਅਕਤੀ ਦੇ ਰੈਪਿਡ ਟੈਸਟ ਤੋਂ ਗਲਤ ਪੌਜ਼ਿਟਿਵ ਨਤੀਜਾ ਆਉਣ ਦੀ ਸੰਭਾਵਨਾ ਘੱਟ ਹੈ।

ਬਿਨਾਂ ਲੱਛਣਾਂ ਵਾਲੇ ਕਿਸੇ ਵਿਅਕਤੀ ਦਾ ਗਲਤ ਨੈਗੇਟਿਵ ਨਤੀਜਾ ਆਉਣ ਦੀ ਸੰਭਾਵਨਾ ਵੱਧ ਹੁੰਦੀ ਹੈ। ਰੈਪਿਡ ਸਕ੍ਰੀਨਿੰਗ ਟੈਸਟ ਦੇ ਨੈਗੇਟਿਵ ਨਤੀਜੇ ਦਾ ਮਤਲਬ ਇਹ ਨਹੀਂ ਹੈ ਕਿ ਵਿਅਕਤੀ ਸੰਕਰਮਿਤ ਨਹੀਂ ਹੈ ਜਾਂ ਅੱਗੋਂ ਫੈਲਾਅ ਨਹੀਂ ਸਕਦਾ।

ਜਦੋਂ ਬਿਨਾਂ ਲੱਛਣਾਂ ਵਾਲੇ ਲੋਕਾਂ ਵਿੱਚ ਰੈਪਿਡ ਕੋਵਿਡ-19 ਟੈਸਟ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਇਹ ਇੱਕ ਸਕ੍ਰੀਨਿੰਗ ਟੈਸਟ ਹੁੰਦਾ ਹੈ ਨਾ ਕਿ ਡਾਇਗਨੌਸਟਿਕ(ਪੱਕਾ) ਟੈਸਟ। ਤੇਜ਼ੀ ਨਾਲ ਜਾਂਚ ਕਰਨ ਵਾਲੇ ਵਿਅਕਤੀਆਂ ਦੀ ਸਕ੍ਰੀਨਿੰਗ ਕੁਝ ਪਰ ਸਾਰੇ ਨਹੀਂ, ਛੂਤ ਵਾਲੇ ਵਿਅਕਤੀਆਂ ਦੀ ਪਛਾਣ ਕਰ ਸਕਦੀ ਹੈ ਅਤੇ ਨਤੀਜੇ ਵਜੋਂ ਰੈਪਿਡ ਸਕ੍ਰੀਨਿੰਗ ਜਨਤਕ ਸਿਹਤ ਦੇ ਉਪਾਵਾਂ ਜਿਵੇਂ ਕਿ ਸਰੀਰਕ ਦੂਰੀ, ਮਾਸਕਿੰਗ, ਹੱਥਾਂ ਦੀ ਸਫਾਈ, ਘਰ ਰਹਿਣਾ ਅਤੇ ਬਿਮਾਰ ਹੋਣ ਤੇ ਟੈਸਟ ਤੱਕ ਪਹੁੰਚ ਅਤੇ ਕੋਵਿਡ ਕੇਸਾਂ ਦੀ ਲਾਜ਼ਮੀ ਇਕਾਂਤਵਾਸ ਨੂੰ ਨਹੀਂ ਬਦਲਦੀ।

# ਜੇ ਤੁਹਾਡੇ ਹੋਰ ਪ੍ਰਸ਼ਨ ਹਨ

ਜੇ ਤੁਹਾਡੇ ਸਕੂਲ ਰੈਪਿਡ ਟੈਸਟਿੰਗ ਪ੍ਰੋਗਰਾਮ ਨਾਲ ਸਬੰਧਿਤ ਹੋਰ ਪ੍ਰਸ਼ਨ ਹਨ ਤਾਂ ਇੱਥੇ EDC.SchoolRapidTesting@gov.ab.ca. ਈਮੇਲ ਕਰੋ।

ਕੋਵਿਡ-19 ਸਬੰਧੀ ਤਾਜ਼ਾ ਜਾਣਕਾਰੀ ਲਈ www.alberta.ca/Covid19. ਤੇ ਜਾਓ।

ਜੇ ਤੁਹਾਡੇ ਟੈਸਟ ਨਤੀਜੇ ਜਾਂ ਸਿਹਤ ਨਾਲ ਸਬੰਧਿਤ ਕੋਈ ਪ੍ਰਸ਼ਨ ਹਨ ਤਾਂ ਹੈਲਥ ਲਿੰਕ 811 ਤੇ ਕਾਲ ਕਰੋ।

Out of date



Classification: Public